ਮਿੱਠੇ ਬੱਚੇ:- ਜਿਵੇਂ ਬਾਪਦਾਦਾ ਦੋਵੇਂ ਨਿਰਹੰਕਾਰੀ ਹਨ , ਦੇਹੀ ਅਭਿਮਾਨੀ ਹਨ , ਇਵੇਂ ਫਾਲੋ ਫਾਦਰ ਕਰੋ , ਤਾਂ ਸਦਾ ਉੱਨਤੀ ਹੁੰਦੀ ਰਹੇਗੀ "

ਪ੍ਰਸ਼ਨ:- ਉੱਚ ਪਦਵੀ ਦੀ ਪ੍ਰਾਪਤੀ ਦੇ ਲਈ ਕਿਹੜੀ ਖਬਰਦਾਰੀ ਰੱਖਣਾ ਜ਼ਰੂਰੀ ਹਰ?

ਉੱਤਰ:- ਉੱਚ ਪਦਵੀ ਪਾਉਣੀ ਹੈ ਤਾਂ ਖਬਰਦਾਰੀ ਰੱਖੋ ਕਿ ਮਨਸਾ ਤੋਂ ਵੀ ਕਿਸੇ ਨੂੰ ਮੇਰੇ ਦਵਾਰਾ ਦੁਖ ਨਾ ਹੋਵੇ, 2- ਕਿਸੇ ਵੀ ਪ੍ਰਸਥਿਤੀ ਵਿੱਚ ਕ੍ਰੋਧ ਨਾ ਆਵੇ, 3 - ਬਾਪ ਦਾ ਬਣ ਕੇ ਕੰਮ ਵਿੱਚ, ਇਸ ਰੁਦ੍ਰ ਯੱਗ ਵਿੱਚ ਵਿਘਨ ਰੂਪ ਨਾ ਬਣਨ। ਜੇਕਰ ਕੋਈ ਮੂੰਹ ਤੋਂ ਬਾਬਾ - ਬਾਬਾ ਕਹੇ ਅਤੇ ਚਲਨ ਰਾਇਲ ਨਾ ਹੋਵੇ ਤਾਂ ਉੱਚ ਪਦਵੀ ਨਹੀਂ ਮਿਲ ਸਕਦੀ।

ਓਮ ਸ਼ਾਂਤੀ। ਬੱਚੇ ਚੰਗੀ ਤਰ੍ਹਾਂ ਨਾਲ ਜਾਣਦੇ ਹਨ ਕਿ ਬਾਪ ਤੋਂ ਵਰਸਾ ਪਾਉਣਾ ਹੈ ਜਰੂਰ। ਕਿਵੇਂ? ਸ਼੍ਰੀਮਤ ਤੇ। ਬਾਪ ਨੇ ਸਮਝਾਇਆ ਹੈ ਇੱਕ ਹੀ ਗੀਤਾ ਸ਼ਾਸਤਰ ਹੈ ਜਿਸ ਵਿੱਚ ਸ਼੍ਰੀਮਤ ਭਗਵਾਨੁਵਾਚ ਹੈ। ਭਗਵਾਨ ਤਾਂ ਸਭ ਦਾ ਬਾਪ ਹੈ। ਸ਼੍ਰੀਮਤ ਭਗਵਾਨੁਵਾਚ। ਤਾਂ ਜਰੂਰ ਭਗਵਾਨ ਨੇ ਆਕੇ ਸ੍ਰੇਸ਼ਠ ਬਣਾਇਆ ਹੋਵੇਗਾ, ਤਾਂ ਹੀ ਤੇ ਉਸ ਦੀ ਮਹਿਮਾ ਹੈ। ਸ਼੍ਰੀਮਤ ਭਾਗਵਤ ਗੀਤਾ ਮਤਲਬ ਸ਼੍ਰੀਮਤ ਭਗਵਾਨੁਵਾਚ। ਭਗਵਾਨ ਤਾਂ ਜਰੂਰ ਉੱਚ ਤੇ ਉੱਚ ਹੋਇਆ। ਸ਼੍ਰੀਮਤ ਵੀ ਉਸ ਹੀ ਇੱਕ ਸ਼ਾਸਤਰ ਵਿੱਚ ਗਾਈ ਹੋਈ ਹੈ ਹੋਰ ਕਿਸੇ ਸ਼ਾਸਤਰ ਵਿੱਚ ਸ਼੍ਰੀਮਤ ਭਗਵਾਨੁਵਾਚ ਨਹੀਂ ਹੈ। ਸ਼੍ਰੀਮਤ ਕਿਸ ਦੀ ਹੋਣੀ ਚਾਹੀਦੀ ਹੈ, ਉਹ ਲਿਖਣ ਵਾਲੇ ਵੀ ਸਮਝ ਨਾ ਸਕਣ। ਉਸ ਵਿੱਚ ਭੁੱਲ ਕਿਓਂ ਹੋਈ ਹੈ? ਉਹ ਵੀ ਬਾਪ ਆਕੇ ਸਮਝਾਉਂਦੇ ਹਨ। ਰਾਵਣਰਾਜ ਸ਼ੁਰੂ ਹੋਣ ਨਾਲ ਹੀ ਰਾਵਣ ਮਤ ਤੇ ਚੱਲ ਪੈਂਦੇ ਹਨ। ਪਹਿਲੋਂ ਵੱਡੀ ਤੋਂ ਵੱਡੀ ਭੁੱਲ ਇਨਾਂ ਰਾਵਣ ਮਤ ਵਾਲਿਆਂ ਨੇ ਕੀਤੀ ਹੈ। ਰਾਵਣ ਦੀ ਚਮਾਟ ਲੱਗਦੀ ਹੈ। ਜਿਵੇਂ ਕਿਹਾ ਜਾਂਦਾ ਹੈ ਸ਼ੰਕਰ ਪ੍ਰੇਰਕ ਹੈ, ਬਾਂਬਜ਼ ਆਦਿ ਬਣਵਾਏ ਹਨ। ਉਵੇਂ 5 ਵਿਕਾਰਾਂ ਰੂਪੀ ਰਾਵਣ ਪ੍ਰੇਰਕ ਹੈ ਮਨੁੱਖ ਨੂੰ ਪਤਿਤ ਬਨਾਉਣ ਦਾ। ਤਾਂ ਹੀ ਤੇ ਪੁਕਾਰਦੇ ਹਨ ਪਤਿਤ - ਪਾਵਨ ਆਓ। ਤਾਂ ਪਤਿਤ - ਪਾਵਨ ਇੱਕ ਹੀ ਠਹਿਰਿਆ ਨਾ। ਇਸ ਤੋਂ ਸਿੱਧ ਹੈ ਕਿ ਪਤਿਤ ਬਨਾਉਣ ਵਾਲਾ ਹੋਰ ਹੈ, ਪਾਵਨ ਬਨਾਉਣ ਵਾਲਾ ਹੋਰ ਹੈ। ਦੋਵੇਂ ਇੱਕ ਹੋ ਨਹੀਂ ਸਕਦੇ। ਇਹ ਗੱਲਾਂ ਤੁਸੀਂ ਹੀ ਸਮਝਦੇ ਹੋ - ਨੰਬਰਵਾਰ ਪੁਰਸ਼ਾਰਥ ਅਨੁਸਾਰ। ਇਵੇਂ ਨਾ ਸਮਝਣਾ ਕਿ ਸਾਰਿਆਂ ਨੂੰ ਨਿਸ਼ਚੇ ਹੈ। ਨੰਬਰਵਾਰ ਹਨ। ਜਿਨ੍ਹਾਂ ਨਿਸ਼ਚੇ ਹੈ ਉਨੀਂ ਖੁਸ਼ੀ ਵੱਧਦੀ ਹੈ। ਬਾਪ ਦੀ ਮੱਤ ਤੇ ਚਲਣਾ ਹੁੰਦਾ ਹੈ। ਸ਼੍ਰੀਮਤ ਤੇ ਸਾਨੂੰ ਇਹ ਸਵਰਾਜ ਪਦਵੀ ਪਾਉਣੀ ਹੈ। ਮਨੁੱਖ ਤੋਂ ਦੇਵਤਾ ਬਣਨ ਵਿੱਚ ਇਤਨੀ ਦੇਰੀ ਨਹੀਂ ਲੱਗਦੀ ਹੈ। ਤੁਸੀਂ ਪੁਰਸ਼ਾਰਥ ਕਰਦੇ ਹੋ। ਮਮਾ ਬਾਬਾ ਨੂੰ ਫਾਲੋ ਕਰਦੇ ਹੋ। ਜਿਵੇਂ ਉਹ ਆਪ ਸਮਾਨ ਬਨਾਉਣ ਦੀ ਸੇਵਾ ਕਰ ਰਹੇ ਹਨ, ਤੁਸੀਂ ਵੀ ਸਮਝਦੇ ਹੋ ਅਸੀਂ ਕੀ ਸਰਵਿਸ ਕਰ ਰਹੇ ਹਾਂ ਅਤੇ ਮਮਾ ਬਾਬਾ ਕੀ ਸਰਵਿਸ ਕਰ ਰਹੇ ਹਨ। ਬਾਬਾ ਨੇ ਸਮਝਾਇਆ ਸੀ ਕਿ ਸ਼ਿਵਬਾਬਾ ਅਤੇ ਬ੍ਰਹਮਾ ਦਾਦਾ ਦੋਵੇਂ ਇਕੱਠੇ ਹਨ। ਤਾਂ ਸਮਝਣਾ ਚਾਹੀਦਾ ਹੈ ਕਿ ਸਭ ਤੋਂ ਨੇੜ੍ਹੇ ਹਨ। ਇਨ੍ਹਾਂ ਦਾ ਹੀ ਸੰਪੂਰਨ ਰੂਪ ਸੁਖਸ਼ਮਵਤਨ ਵਿੱਚ ਵੇਖਦੇ ਹਾਂ ਤਾਂ ਜਰੂਰ ਇਹ ਤਿੱਖਾ ਹੋਵੇਗਾ। ਪਰੰਤੂ ਜਿਵੇਂ ਬਾਪ ਨਿਰਹੰਕਾਰੀ ਹਨ, ਦੇਹੀ - ਅਭਿਮਾਨੀ ਹਨ ਉਵੇਂ ਇਹ ਦਾਦਾ ਵੀ ਨਿਰਹੰਕਾਰੀ ਹਨ। ਕਹਿੰਦੇ ਹਨ ਕਿ ਸ਼ਿਵਬਾਬਾ ਹੀ ਸਮਝਾਉਂਦੇ ਰਹਿੰਦੇ ਹਨ। ਜਦੋਂ ਮੁਰਲੀ ਚਲਦੀ ਹੈ ਤਾਂ ਬਾਬਾ ਖੁਦ ਕਹਿੰਦੇ ਹਨ ਕਿ ਸਮਝੋ ਕਿ ਸ਼ਿਵਬਾਬਾ ਇਨ੍ਹਾਂ ਦਵਾਰਾ ਸੁਣਾ ਰਹੇ ਹਨ। ਇਹ ਬ੍ਰਹਮਾ ਵੀ ਜਰੂਰ ਸੁਣਦਾ ਹੋਵੇਗਾ। ਇਹ ਨਾ ਸੁਣੇ ਅਤੇ ਨਾ ਸੁਣਾਏ ਤਾਂ ਉੱਚ ਪਦਵੀ ਕਿਵੇਂ ਪਾਉਣਗੇ। ਪਰੰਤੂ ਆਪਣਾ ਦੇਹ - ਅਭਿਮਾਨ ਛੱਡ ਕਹਿੰਦੇ ਹਨ ਕਿ ਇਵੇਂ ਸਮਝੋ ਕਿ ਸ਼ਿਵਬਾਬਾ ਹੀ ਸੁਣਾਉਂਦੇ ਹਨ। ਅਸੀਂ ਪੁਰਾਸ਼ਰਥ ਕਰਦੇ ਰਹਿੰਦੇ ਹਾਂ। ਸ਼ਿਵਬਾਬਾ ਹੀ ਸਮਝਾਉਂਦੇ ਹਨ। ਇਸਨੇ ਤਾਂ ਪਤਿਤ- ਪਨਾ ਪਾਸ ਕੀਤਾ ਹੋਇਆ ਹੈ। ਮੰਮਾ ਤਾਂ ਕੁਮਾਰੀ ਸੀ। ਤਾਂ ਮੰਮਾ ਉੱਚ ਚਲੀ ਗਈ। ਤੁਸੀਂ ਵੀ ਕੁਮਾਰੀਆਂ ਮੰਮਾ ਨੂੰ ਫਾਲੋ ਕਰੋ। ਗ੍ਰਹਿਸਥੀਆਂ ਨੂੰ ਬਾਬਾ ਨੂੰ ਫਾਲੋ ਕਰਨਾ ਚਾਹੀਦਾ ਹੈ। ਹਰ ਇੱਕ ਨੂੰ ਸਮਝਣਾ ਹੈ ਕਿ ਮੈਂ ਪਤਿਤ ਹਾਂ, ਮੈਨੂੰ ਪਾਵਨ ਬਣਨਾ ਹੈ। ਮੁੱਖ ਗੱਲ ਬਾਪ ਨੇ ਯਾਤਰਾ ਦੀ ਸਿਖਾਈ ਹੈ। ਇਸ ਵਿੱਚ ਦੇਹ - ਅਭਿਮਾਨ ਨਹੀਂ ਰਹਿਣਾ ਚਾਹੀਦਾ। ਚੰਗਾ ਕੋਈ ਮੁਰਲੀ ਨਹੀਂ ਸੁਣਾ ਸਕਦੇ ਤਾਂ ਯਾਦ ਦੀ ਯਾਤ੍ਰਾ ਤੇ ਰਹੋ। ਯਾਦ ਦੀ ਯਾਤਰਾ ਤੇ ਰਹਿਣ ਨਾਲ ਮੁਰਲੀ ਚਲਾ ਸਕਦੇ ਹਨ। ਪ੍ਰੰਤੂ ਯਾਤਰਾ ਭੁੱਲ ਜਾਂਦੇ ਹਨ ਤਾਂ ਵੀ ਹਰਜਾ ਨਹੀਂ। ਮੁਰਲੀ ਚਲਾਕੇ ਫਿਰ ਯਾਤਰਾ ਤੇ ਲੱਗ ਜਾਵੋ ਕਿਉਂਕਿ ਉਹ ਵਾਣੀ ਤੋਂ ਪਰੇ ਵਾਣਪ੍ਰਸਥ ਅਵਸਥਾ ਹੈ। ਮੂਲ ਗੱਲ ਹੈ ਦੇਹੀ - ਅਭਿਮਾਨੀ ਹੋਕੇ ਬਾਪ ਨੂੰ ਯਾਦ ਕਰਦੇ ਰਹੀਏ ਅਤੇ ਚੱਕਰ ਨੂੰ ਯਾਦ ਕਰਦੇ ਰਹੀਏ। ਕਿਸੇ ਨੂੰ ਦੁੱਖ ਨਾ ਦਈਏ। ਇਹ ਹੀ ਸਮਝਾਉਂਦੇ ਰਹੋ ਬਾਪ ਨੂੰ ਯਾਦ ਕਰੋ। ਇਹ ਹੈ ਯਾਤਰਾ। ਮਨੁੱਖ ਜਦੋਂ ਮਰਦੇ ਹਨ ਤਾਂ ਕਹਿੰਦੇ ਹਨ - ਸਵਰਗ ਪਧਾਰਿਆ। ਅਗਿਆਨ ਕਾਲ ਵਿੱਚ ਕੋਈ ਸਵਰਗ ਨੂੰ ਯਾਦ ਨਹੀਂ ਕਰਦੇ ਹਨ। ਸਵਰਗ ਨੂੰ ਯਾਦ ਕਰਨਾ ਮਾਨਾ ਇੱਥੋਂ ਮਰਨਾ। ਇਵੇਂ ਕੋਈ ਯਾਦ ਨਹੀਂ ਕਰਦੇ। ਹੁਣ ਤੁਸੀਂ ਬੱਚੇ ਜਾਣਦੇ ਹੋ ਸਾਨੂੰ ਵਾਪਸ ਜਾਣਾ ਹੈ। ਬਾਪ ਕਹਿੰਦੇ ਹਨ - ਜਿਨ੍ਹਾਂ ਤੁਸੀਂ ਯਾਦ ਕਰੋਗੇ ਓਨਾਂ ਖੁਸ਼ੀ ਦਾ ਪਾਰਾ ਚੜ੍ਹੇਗਾ, ਵਰਸਾ ਯਾਦ ਰਹੇਗਾ। ਜਿੰਨਾਂ ਬਾਪ ਨੂੰ ਯਾਦ ਕਰੋਗੇ ਉਤਨਾ ਖੁਸ਼ ਵੀ ਰਹੋਗੇ। ਬਾਪ ਨੂੰ ਯਾਦ ਨਾ ਕਰਨ ਨਾਲ ਮੂੰਝਦੇ ਹਨ। ਘੁਟਕਾ ਖਾਂਦੇ ਰਹਿੰਦੇ ਹਨ। ਤੁਸੀਂ ਇਸ ਵਕਤ ਯਾਦ ਕਰ ਨਹੀਂ ਸਕਦੇ। ਬਾਬਾ ਨੇ ਆਸ਼ਿਕ ਮਸ਼ੂਕ ਦਾ ਮਿਸਾਲ ਦੱਸਿਆ ਹੈ। ਉਹ ਭਾਵੇਂ ਧੰਧਾ ਕਰਦੇ ਹਨ ਅਤੇ ਉਹ ਭਾਵੇਂ ਚਰਖਾ ਚਲਾਉਂਦੀ ਰਹਿੰਦੀ ਤਾਂ ਵੀ ਉਸਦੇ ਸਾਹਮਣੇ ਮਸ਼ੂਕ ਆਕੇ ਖੜ੍ਹਾ ਹੋ ਜਾਂਦਾ। ਆਸ਼ਿਕ ਮਸ਼ੂਕ ਨੂੰ ਯਾਦ ਕਰਦੇ, ਮਸ਼ੂਕ ਫਿਰ ਆਸ਼ਿਕ ਨੂੰ ਯਾਦ ਕਰਦੇ। ਇੱਥੇ ਤਾਂ ਸਿਰ੍ਫ ਤੁਹਾਨੂੰ ਸਿਰ੍ਫ ਇੱਕ ਬਾਪ ਨੂੰ ਯਾਦ ਕਰਨਾ ਹੈ। ਬਾਪ ਨੂੰ ਤਾਂ ਤੁਹਾਨੂੰ ਯਾਦ ਨਹੀਂ ਕਰਨਾ ਹੈ। ਬਾਪ ਸਭਦਾ ਮਾਸ਼ੂਕ ਹੈ। ਤੁਸੀਂ ਬੱਚੇ ਲਿਖਦੇ ਹੋ ਕਿ ਬਾਬਾ ਤੁਸੀਂ ਸਾਨੂੰ ਯਾਦ ਕਰਦੇ ਹੋ? ਅਰੇ ਜੋ ਸਭ ਦਾ ਮਾਸ਼ੂਕ

ਹੈ ਉਹ ਫਿਰ ਤੁਹਾਨੂੰ ਆਸ਼ਿਕਾਂ ਨੂੰ ਯਾਦ ਕਿਵੇਂ ਕਰ ਸਕਣਗੇ? ਹੋ ਨਹੀਂ ਸਕਦਾ। ਉਹ ਹੈ ਹੀ ਮਾਸ਼ੂਕ। ਆਸ਼ਿਕ ਬਣ ਨਹੀਂ ਸਕਦਾ। ਤੁਹਾਨੂੰ ਹੀ ਯਾਦ ਕਰਨਾ ਹੈ। ਤੁਸੀਂ ਹਰ ਇੱਕ ਨੂੰ ਆਸ਼ਿਕ ਬਣਨਾ ਹੈ, ਉਸ ਇੱਕ ਮਾਸ਼ੂਕ ਦਾ। ਜੇਕਰ ਉਹ ਆਸ਼ਿਕ ਬਣੇ ਤਾਂ ਕਿੰਨਿਆਂ ਨੂੰ ਯਾਦ ਕਰੇ। ਇਹ ਤਾਂ ਹੋ ਨਹੀਂ ਸਕਦਾ। ਕਹਿੰਦਾ ਹੈ ਮੇਰੇ ਤੇ ਪਾਪਾਂ ਦਾ ਬੋਝ ਥੋੜ੍ਹੀ ਨਾ ਹੈ ਜੋ ਕਿਸੇ ਨੂੰ ਯਾਦ ਕਰਾਂ। ਤੁਹਾਡੇ ਉੱਪਰ ਬੋਝਾ ਹੈ। ਬਾਪ ਨੂੰ ਯਾਦ ਨਹੀਂ ਕਰੋਗੇ ਤਾਂ ਪਾਪਾਂ ਦਾ ਬੋਝਾ ਨਹੀਂ ਉਤਰੇਗਾ। ਬਾਕੀ ਮੈਨੂੰ ਕਿਉਂ ਕਿਸੇ ਨੂੰ ਯਾਦ ਕਰਨਾ ਪਵੇ। ਯਾਦ ਕਰਨਾ ਹੈ ਤੁਸੀਂ ਆਤਮਾਵਾਂ ਨੇ। ਜਿਨਾਂ ਯਾਦ ਕਰੋਗੇ ਉਤਨਾ ਪੁੰਨਯ ਆਤਮਾ ਬਣੋਗੇ, ਪਾਪ ਕੱਟਦੇ ਜਾਣਗੇ। ਵੱਡੀ ਮੰਜਿਲ ਹੈ। ਦੇਹੀ - ਅਭਿਮਾਨੀ ਬਣਨ ਵਿੱਚ ਹੀ ਮਿਹਨਤ ਹੈ। ਇਹ ਨਾਲੇਜ ਤੁਹਾਨੂੰ ਸਾਰੀ ਮਿਲ ਰਹੀ ਹੈ। ਤੁਸੀਂ ਤ੍ਰਿਕਾਲਦਰਸ਼ੀ ਬਣੇ ਹੋ, ਨੰਬਰਵਾਰ ਪੁਰਾਸ਼ਰਥ ਅਨੁਸਾਰ। ਸਾਰਾ ਚੱਕਰ ਤੁਹਾਡੀ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ। ਬਾਪ ਸਮਝਾਉਂਦੇ ਹਨ ਤੁਸੀਂ ਲਾਈਟ ਹਾਊਸ ਹੋ ਨਾ। ਹਰ ਇੱਕ ਨੂੰ ਰਸਤਾ ਦੱਸਣ ਵਾਲੇ ਹੋ, ਸ਼ਾਂਤੀਧਾਮ ਅਤੇ ਸੁਖਧਾਮ ਦਾ। ਇਹ ਸਾਰੀਆਂ ਨਵੀਆਂ ਗੱਲਾਂ ਤੁਸੀਂ ਸੁਣਦੇ ਹੋ। ਜਾਣਦੇ ਹੋ ਬਰੋਬਰ ਅਸੀਂ ਆਤਮਾਵਾਂ ਸ਼ਾਂਤੀਧਾਮ ਦੇ ਰਹਿਵਾਸੀ ਹਾਂ। ਇੱਥੇ ਪਾਰ੍ਟ ਵਜਾਉਣ ਆਉਂਦੇ ਹਾਂ। ਅਸੀਂ ਐਕਟਰ ਹਾਂ। ਇਹ ਹੀ ਚਿੰਤਨ ਬੁੱਧੀ ਵਿੱਚ ਚਲਦਾ ਰਹੇ ਤਾਂ ਮਸਤੀ ਚੜ੍ਹ ਜਾਵੇ। ਬਾਪ ਨੇ ਸਮਝਾਇਆ ਹੈ ਆਦਿ ਤੋਂ ਲੈਕੇ ਅੰਤ ਤੱਕ ਤੁਹਾਡਾ ਪਾਰਟ ਹੈ। ਹੁਣ ਕਰਮਾਤੀਤ ਅਵਸਥਾ ਵਿੱਚ ਜਰੂਰ ਜਾਣਾ ਹੈ ਫਿਰ ਗੋਲਡਨ ਏਜ਼ ਵਿੱਚ ਆਉਣਾ ਹੈ। ਇਸ ਧੁੰਨ ਵਿੱਚ ਰਹਿੰਦੇ ਆਪਣਾ ਕਲਿਆਣ ਕਰਨਾ ਹੈ। ਸਿਰ੍ਫ ਪੰਡਿਤ ਨਹੀਂ ਬਣਨਾ ਹੈ। ਦੂਜੇ ਨੂੰ ਸਿਖਾਉਂਦੇ ਰਹੋਗੇ, ਖੁਦ ਉਸ ਅਵਸਥਾ ਵਿੱਚ ਨਹੀਂ ਰਹੋਗੇ ਤਾਂ ਅਸਰ ਪਵੇਗਾ ਨਹੀਂ। ਆਪਣਾ ਵੀ ਪੁਰਾਸ਼ਰਥ ਕਰਨਾ ਹੈ। ਬਾਪ ਵੀ ਦੱਸਦੇ ਹਨ ਕਿ ਮੈਂ ਵੀ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਕਦੇ ਮਾਇਆ ਦਾ ਤੂਫ਼ਾਨ ਅਜਿਹਾ ਆਉਂਦਾ ਹੈ ਜੋ ਬੁੱਧੀ ਦਾ ਯੋਗ ਤੋੜ ਦਿੰਦਾ ਹੈ। ਬਹੁਤ ਬੱਚੇ ਚਾਰਟ ਭੇਜ ਦਿੰਦੇ ਹਨ। ਵੰਡਰ ਖਾਂਦਾ ਹਾਂ ਕਿ ਇਹ ਤਾਂ ਮੇਰੇ ਤੋਂ ਵੀ ਤਿੱਖੇ ਜਾਂਦੇ ਹਨ। ਸ਼ਾਇਦ ਵੇਗ ਆਉਂਦਾ ਹੈ ਤਾਂ ਚਾਰਟ ਲਿਖਣ ਲੱਗ ਪੈਂਦੇ ਹਨ ਪ੍ਰੰਤੂ ਇਵੇਂ ਜੇਕਰ ਤਿੱਖੀ ਦੌੜ ਲਗਾਉਣ ਤਾਂ ਨੰਬਰਵਨ ਵਿੱਚ ਚਲੇ ਜਾਣਗੇ। ਪਰੰਤੂ ਨਹੀਂ ਉਹ ਸਿਰ੍ਫ ਚਾਰਟ ਲਿਖਣ ਤੱਕ ਹਨ। ਇਵੇਂ ਨਹੀਂ ਲਿਖਦੇ ਕਿ ਬਾਬਾ ਕਿ ਇੰਨਿਆਂ ਨੂੰ ਆਪ ਸਮਾਨ ਬਣਾਇਆ। ਅਤੇ ਉਹ ਵੀ ਲਿਖਣ ਕਿ ਬਾਬਾ ਸਾਨੂੰ ਇਸਨੇ ਇਹ ਰਾਹ ਦੱਸਿਆ ਹੈ। ਅਜਿਹਾ ਸਮਾਚਾਰ ਨਹੀਂ ਆਉਂਦਾ ਹੈ। ਤਾਂ ਬਾਬਾ ਕੀ ਸਮਝਣਗੇ? ਸਿਰ੍ਫ ਚਾਰਟ ਭੇਜਣ ਨਾਲ ਕੰਮ ਨਹੀਂ ਚਲਦਾ। ਆਪ ਸਮਾਨ ਵੀ ਬਨਾਉਣਾ ਹੈ। ਰੂਪ ਅਤੇ ਬਸੰਤ ਦੋਵੇਂ ਬਣਨਾ ਹੈ। ਨਹੀਂ ਤਾਂ ਬਾਪ ਸਮਾਨ ਨਹੀਂ ਠਹਿਰੇ। ਰੂਪ ਵੀ ਬਸੰਤ ਵੀ ਐਕੁਰੇਟ ਬਣਨਾ ਹੈ, ਇਸ ਵਿੱਚ ਹੀ ਮਿਹਨਤ ਹੈ। ਦੇਹ - ਅਭਿਮਾਨ ਮਾਰ ਦਿੰਦਾ ਹੈ। ਰਾਵਣ ਨੇ ਦੇਹ - ਅਭਿਮਾਨੀ ਬਣਾਇਆ ਹੈ। ਹੁਣ ਤੁਸੀਂ ਦੇਹੀ - ਅਭਿਮਾਨੀ ਬਣਦੇ ਹੋ। ਫਿਰ ਅੱਧਾਕਲਪ ਕਲਪ ਦੇ ਬਾਦ ਮਾਇਆ ਰਾਵਣ ਦੇਹ - ਅਭਿਮਾਨੀ ਬਣਾਉਂਦੀ ਹੈ। ਦੇਹੀ - ਅਭਿਮਾਨੀ ਤਾਂ ਬਹੁਤ ਮਿੱਠਾ ਬਣ ਜਾਂਦੇ ਹਨ। ਸੰਪੂਰਨ ਤਾਂ ਹਾਲੇ ਕੋਈ ਵੀ ਬਣਿਆ ਨਹੀਂ ਹੈ ਇਸਲਈ ਬਾਬਾ ਸਦਾ ਕਹਿੰਦੇ ਹਨ ਕਿ ਕਿਸੇ ਦੇ ਵੀ ਦਿਲ ਨੂੰ ਰੰਜ ਨਹੀਂ ਕਰਨਾ ਹੈ, ਦੁਖ ਨਹੀਂ ਦੇਣਾ ਹੈ। ਸਭਨੂੰ ਬਾਪ ਦਾ ਪਰਿਚੈ ਦੇਵੋ। ਬੋਲਣ ਕਰਨ ਦੀ ਵੀ ਬੜੀ ਰਾਇਲਟੀ ਚਾਹੀਦੀ ਹੈ। ਈਸ਼ਵਰੀਏ ਸੰਤਾਨ ਦੇ ਮੂੰਹ ਵਿਚੋਂ ਸਦਾ ਰਤਨ ਨਿਕਲਣੇ ਚਾਹੀਦੇ ਹਨ। ਤੁਸੀਂ ਮਨੁੱਖਾਂ ਨੂੰ ਜੀਅਦਾਨ ਦਿੰਦੇ ਹੋ। ਰਸਤਾ ਦੱਸਣਾ ਹੈ ਅਤੇ ਸਮਝਾਉਣਾ ਹੈ। ਤੁਸੀਂ ਪ੍ਰਮਾਤਮਾ ਦੇ ਬੱਚੇ ਹੋ ਨਾ। ਉਨ੍ਹਾਂ ਤੋਂ ਤੁਹਾਨੂੰ ਸਵਰਗ ਦੀ ਰਾਜਾਈ ਮਿਲਣੀ ਚਾਹੀਦੀ ਹੈ। ਫਿਰ ਹੁਣ ਉਹ ਕਿਉਂ ਨਹੀਂ ਹੈ। ਯਾਦ ਕਰੋ ਬਰੋਬਰ ਬਾਪ ਤੋਂ ਵਰਸਾ ਮਿਲਿਆ ਸੀ ਨਾ। ਤੁਸੀਂ ਭਾਰਤਵਾਸੀ ਦੇਵੀ -, ਦੇਵਤੇ ਸੀ, ਤੁਸੀਂ ਹੀ 84 ਜਨਮ ਲਏ। ਤੁਸੀਂ ਸਮਝੋ ਕਿ ਅਸੀਂ ਹੀ ਲਕਸ਼ਮੀ - ਨਾਰਾਇਣ ਕੁਲ ਦੇ ਸੀ। ਆਪਣੇ ਨੂੰ ਘੱਟ ਕਿਉਂ ਸਮਝਦੇ ਹੋ। ਜੇਕਰ ਕਹਿੰਦੇ ਕਿ ਬਾਬਾ ਸਾਰੇ ਥੋੜ੍ਹੀ ਨਾ ਬਣਨਗੇ। ਤਾਂ ਬਾਬਾ ਸਮਝ ਜਾਂਦਾ ਹੈ ਕਿ ਇਹ ਇਸ ਕੁਲ ਦਾ ਨਹੀਂ ਹੈ। ਹੁਣੇ ਤੋਂ ਹੀ ਥਿਰਕਣ ਲੱਗ ਪਿਆ ਹੈ। ਤੁਸੀਂ 84 ਜਨਮ ਲਏ ਹਨ। ਬਾਪ ਨੇ 21 ਜਨਮਾਂ ਦੀ ਪ੍ਰਾਲਬਧ ਜਮਾਂ ਕਰਵਾਈ ਉਸਨੂੰ ਖਾਧਾ ਫਿਰ ਨਾ ( ਖਤਮ ) ਹੋਣਾ ਸ਼ੁਰੂ ਹੋ ਗਈ। ਕੱਟ ਚੜ੍ਹਦੇ - ਚੜ੍ਹਦੇ ਤਮੋਪ੍ਰਧਾਨ ਕੋਡੀ ਮਿਸਲ ਬਣ ਗਏ ਹੋ। ਭਾਰਤ ਹੀ 100 ਪ੍ਰਤੀਸ਼ਤ ਸਾਲਵੈਂਟ ਸੀ। ਇਨ੍ਹਾਂਨੂੰ ਇਹ ਵਰਸਾ ਕਿਥੋਂ ਮਿਲਿਆ? ਐਕਟਰਸ ਹੀ ਦਸ ਸਕਣਗੇ ਨਾ। ਮਨੁੱਖ ਹੀ ਐਕਟਰ ਹਨ। ਉਨ੍ਹਾਂਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਬਾਦਸ਼ਾਹੀ ਮਿਲੀ ਕਿਥੋਂ? ਕਿੰਨੇ ਚੰਗੇ - ਚੰਗੇ ਪੁਆਇੰਟਸ ਹਨ। ਜਰੂਰ ਪਿਛਲੇ ਜਨਮ ਵਿੱਚ ਹੀ ਇਹ ਰਾਜਭਾਗ ਪਾਇਆ ਹੋਵੇਗਾ।

ਬਾਪ ਹੀ ਪਤਿਤ - ਪਾਵਨ ਹੈ। ਬਾਪ ਕਹਿੰਦੇ ਹਨ ਕਿ ਮੈਂ ਤੁਹਾਨੂੰ ਕਰਮ, ਅਕਰਮ ਅਤੇ ਵਿਕਰਮ ਦੀ ਗਤੀ ਸਮਝਾਉਂਦਾ ਹਾਂ। ਰਾਵਣ ਰਾਜ ਵਿੱਚ ਮਨੁੱਖ ਦੇ ਕਰਮ ਵਿਕਰਮ ਹੋ ਜਾਂਦੇ ਹਨ। ਉੱਥੇ ਤੁਹਾਡੇ ਕਰਮ ਵਿਕਰਮ ਹੁੰਦੇ ਹਨ। ਉਹ ਹੈ ਦੈਵੀ ਸ੍ਰਿਸ਼ਟੀ। ਮੈਂ ਰਚਤਾ ਹਾਂ ਤਾਂ ਜਰੂਰ ਮੈਨੂੰ ਸੰਗਮ ਤੇ ਆਉਣਾ ਪੈਂਦਾ ਹੈ। ਇਹ ਹੈ ਰਾਵਣਰਾਜ। ਉਹ ਹੈ ਈਸ਼ਵਰੀਏ ਰਾਜ। ਈਸ਼ਵਰ ਹੁਣ ਸਥਾਪਨਾ ਕਰਵਾ ਰਹੇ ਹਨ। ਤੁਸੀਂ ਸਭ ਈਸ਼ਵਰ ਦੇ ਬੱਚੇ ਹੋ, ਤੁਹਾਨੂੰ ਵਰਸਾ ਮਿਲ ਰਿਹਾ ਹੈ। ਭਾਰਤਵਾਸੀ ਹੀ ਸਾਲਵੈਂਟ ਸਨ, ਹੁਣ ਇੰਸਲਵੈਂਟ ਬਣ ਗਏ ਹਨ। ਇਹ ਬਣਿਆ ਬਣਾਇਆ ਡਰਾਮਾ ਹੈ, ਇਸ ਵਿੱਚ ਫਰਕ ਨਹੀਂ ਹੋ ਸਕਦਾ। ਸਭ ਦਾ ਝਾੜ ਆਪਣਾ - ਆਪਣਾ ਹੈ। ਵੈਰਾਇਟੀ ਝਾੜ ਹੈ ਨਾ। ਦੇਵਤਾ ਧਰਮ ਵਾਲੇ ਹੀ ਫਿਰ ਦੇਵਤਾ ਧਰਮ ਵਿੱਚ ਆਉਣਗੇ। ਕ੍ਰਿਸ਼ਚਨ ਧਰਮ ਵਾਲੇ ਆਪਣੇ ਧਰਮ ਵਿੱਚ ਖੁਸ਼ ਹਨ, ਹੋਰਾਂ ਨੂੰ ਵੀ ਆਪਣੇ ਧਰਮ ਵਿੱਚ ਖਿੱਚ ਲਿਆ ਹੈ। ਭਾਰਤਵਾਸੀ ਆਪਣੇ ਧਰਮ ਨੂੰ ਭੁੱਲ ਜਾਣ ਦੇ ਕਾਰਨ ਉਸ ਧਰਮ ਨੂੰ ਚੰਗਾ ਸਮਝ ਚਲੇ ਜਾਂਦੇ ਹਨ। ਵਿਲਾਇਤ ਵਿੱਚ ਨੌਕਰੀ ਦੇ ਲਈ ਕਿੰਨੇ ਜਾਂਦੇ ਹਨ ਕਿਉਂਕਿ ਉੱਥੇ ਕਮਾਈ ਬਹੁਤ ਹੈ। ਡਰਾਮਾ ਬਹੁਤ ਵੰਡਰਫੁਲ ਬਣਿਆ ਹੋਇਆ ਹੈ। ਇਸਨੂੰ ਸਮਝਣ ਦੀ ਚੰਗੀ ਬੁੱਧੀ ਚਾਹੀਦੀ ਹੈ। ਵਿਚਾਰ ਸਾਗਰ ਮੰਥਨ ਕਰਨ ਨਾਲ ਸਭ ਕੁਝ ਸਮਝ ਵਿੱਚ ਆ ਜਾਂਦਾ ਹੈ। ਇਹ ਬਣਿਆ ਬਣਾਇਆ ਡਰਾਮਾ ਹੈ। ਤਾਂ ਤੁਸੀਂ ਬੱਚਿਆਂ ਨੂੰ ਆਪ ਸਮਾਨ ਸਦਾ ਸੁਖੀ ਬਨਾਉਣਾ ਹੈ। ਇਹ ਤੁਹਾਡਾ ਧੰਧਾ ਹੈ ਪਤਿਤਾਂ ਨੂੰ ਪਾਵਨ ਬਨਾਉਣਾ। ਜਿਵੇਂ ਬਾਪ ਦਾ ਧੰਧਾ ਉਵੇਂ ਤੁਹਾਡਾ। ਤੁਹਾਡਾ ਮੂੰਹ ਸਦਾ ਦੇਵਤਾਵਾਂ ਵਰਗਾ ਹਰਸ਼ਿਤ ਹੋਣਾ ਚਾਹੀਦਾ ਹੈ ਖੁਸ਼ੀ ਵਿੱਚ। ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਤੁਸੀਂ ਹੋ ਲਵਲੀ ਚਿਲਡਰਨ। ਕ੍ਰੋਧ ਤੇ ਬਹੁਤ

ਖਬਰਦਾਰੀ ਰੱਖਣੀ ਹੈ। ਬਾਪ ਆਏ ਹਨ ਬੱਚਿਆਂ ਨੂੰ ਸੁੱਖ ਦਾ ਵਰਸਾ ਦੇਣ। ਸਵਰਗ ਦਾ ਰਸਤਾ ਸਭਨੂੰ ਦੱਸਣਾ ਹੈ। ਬਾਪ ਸੁਖ ਕਰਤਾ, ਦੁਖ ਹਰਤਾ ਹੈ। ਤਾਂ ਤੁਹਾਨੂੰ ਵੀ ਸੁਖ ਦਾ ਕਰਤਾ ਬਣਨਾ ਹੈ। ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਦੁਖ ਦੇਵੋਗੇ ਤਾਂ ਤੁਹਾਡੀ ਸਜਾ 100 ਗੁਣਾ ਵੱਧ ਜਾਵੇਗੀ। ਕੋਈ ਵੀ ਸਜਾ ਤੋਂ ਬੱਚ ਨਹੀਂ ਸਕਦਾ। ਬੱਚਿਆਂ ਦੇ ਲਈ ਤਾਂ ਖਾਸ ਟ੍ਰਿਬਿਊਨਲ ਬੈਠਦੀ ਹੈ। ਬਾਪ ਕਹਿੰਦੇ ਹਨ ਕਿ ਤੁਸੀਂ ਵਿਘਨ ਪਾਵੋਗੇ ਤਾਂ ਬਹੁਤ ਸਜਾ ਖਾਵੋਗੇ। ਕਲਪ - ਕਲਪਾਂਤ੍ਰ ਤੁਸੀਂ ਸਾਖਸ਼ਤਕਾਰ ਕਰੋਗੇ ਕਿ ਫਲਾਣਾ ਇਹ ਬਣੇਗਾ। ਪਹਿਲੋਂ ਜਦੋਂ ਵੇਖਦੇ ਸੀ ਤਾਂ ਬਾਬਾ ਮਨਾ ਕਰਦੇ ਸਨ ਕਿ ਨਾ ਸੁਣਾਓ। ਅੰਤ ਵਿੱਚ ਤਾਂ ਐਕੁਰੇਟ ਪਤਾ ਪੈ ਜਾਵੇਗਾ। ਅੱਗੇ ਚੱਲਕੇ ਜੋਰ ਨਾਲ ਸਾਖਸ਼ਤਕਾਰ ਹੋਣਗੇ। ਵ੍ਰਿਧੀ ਤਾਂ ਹੁੰਦੀ ਜਾਵੇਗੀ। ਆਬੂ ਤੱਕ ਲਾਈਨ ਲੱਗ ਜਾਵੇਗੀ। ਬਾਬਾ ਨੂੰ ਕੋਈ ਵੀ ਮਿਲ ਨਹੀਂ ਸਕਣਗੇ। ਕਹਿਣਗੇ ਓਹੋ ਪ੍ਰਭੂ ਤੇਰੀ ਲੀਲਾ। ਇਹ ਵੀ ਗਾਇਆ ਹੋਇਆ ਤਾਂ ਹੈ ਨਾ। ਵਿਦਵਾਨ, ਪੰਡਿਤ ਆਦਿ ਵੀ ਪਿੱਛੋਂ ਆਉਣਗੇ। ਉਨ੍ਹਾਂ ਦੇ ਸਿੰਘਾਸਨ ਵੀ ਹਿਲਣਗੇ। ਤੁਸੀਂ ਬੱਚੇ ਤਾਂ ਬਹੁਤ ਖੁਸ਼ੀ ਵਿੱਚ ਰਹੋਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ। ਅਜਿਹੀ ਯਾਦਪਿਆਰ ਤਾਂ ਇੱਕ ਹੀ ਵਾਰ ਮਿਲਦਾ ਹੈ। ਜਿੰਨਾਂ ਤੁਸੀਂ ਯਾਦ ਕਰਦੇ ਹੋ ਉਤਨਾ ਤੁਸੀਂ ਪਿਆਰ ਪਾਉਂਦੇ ਹੋ। ਵਿਕਰਮ ਵਿਨਾਸ਼ ਹੁੰਦੇਂ ਹਨ ਅਤੇ ਧਾਰਨਾ ਵੀ ਹੁੰਦੀ ਹੈ। ਬੱਚਿਆਂ ਨੂੰ ਖੁਸ਼ੀ ਦਾ ਪਾਰਾ ਚੜ੍ਹਿਆ ਰਹਿਣਾ ਚਾਹੀਦਾ ਹੈ। ਜੋ ਵੀ ਆਉਣ ਉਨ੍ਹਾਂ ਨੂੰ ਰਾਹ ਦੱਸੋ। ਬੇਹੱਦ ਦਾ ਵਰਸਾ ਬੇਹੱਦ ਦੇ ਬਾਪ ਤੋਂ ਪਾਉਣਾ ਹੈ। ਘੱਟ ਗੱਲ ਹੈ ਕੀ? ਅਜਿਹਾ ਪੁਰਸਾਰਥ ਕਰਨਾ ਚਾਹੀਦਾ ਹੈ। ਅੱਛਾ!

ਮਿੱਠੇ - ਮਿੱਠੇ ਸਿਕਿਲੱਧੇ ਰੂਹਾਨੀ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦਪਿਆਰ ਅਤੇ ਗੁੱਡ ਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬੋਲਣ ਚਾਲਣ ਵਿੱਚ ਬਹੁਤ ਰਾਇਲ ਬਣਨਾ ਹੈ। ਮੂੰਹ ਤੋਂ ਸਦਾ ਰਤਨ ਕੱਢਣੇ ਹਨ। ਆਪ ਸਮਾਨ ਬਨਾਉਣ ਦੀ ਸੇਵਾ ਕਰਨੀ ਹੈ। ਕਿਸੇ ਦੇ ਦਿਲ ਨੂੰ ਰੰਜ ਨਹੀਂ ਕਰਨਾ ਹੈ।

**2.** ਕ੍ਰੋਧ ਤੇ ਬਹੁਤ ਖਬਰਦਾਰੀ ਰੱਖਣੀ ਹੈ। ਮੁਖੜ੍ਹਾ ਸਦਾ ਦੇਵਤਾਵਾਂ ਵਰਗਾ ਹਰਸ਼ਿਤ ਰੱਖਣਾ ਹੈ। ਖ਼ੁਦ ਨੂੰ ਗਿਆਨ ਅਤੇ ਯੋਗਬਲ ਨਾਲ ਦੇਵਤਾ ਬਨਾਉਣਾ ਹੈ।

ਵਰਦਾਨ:- ਪਾਵਰਫੁਲ ਦਰਪਣ ਦ੍ਵਾਰਾ ਸਭ ਨੂੰ ਖੁਦ ਦਾ ਸਾਕਸ਼ਾਤਕਾਰ ਕਰਾਉਣ ਵਾਲੇ ਸਾਕਸ਼ਾਤਕਾਰ ਮੂਰਤ ਭਵ।
ਜਿਵੇਂ ਦਰਪਣ ਦੇ ਅੱਗੇ ਜੋ ਵੀ ਜਾਂਦਾ ਹੈ, ਉਸਨੂੰ ਖੁਦ ਦਾ ਸਪੱਸ਼ਟ ਸਾਕਸ਼ਾਤਕਾਰ ਹੋ ਜਾਂਦਾ ਹੈ। ਲੇਕਿਨ ਜੇਕਰ ਦਰਪਣ ਪਾਵਰਫੁਲ ਨਹੀਂ ਹੋਵੇ ਤਾਂ ਰੀਅਲ ਰੂਪ ਦੀ ਬਜਾਏ ਹੋਰ ਰੂਪ ਵਿਖਾਈ ਦਿੰਦਾ ਹੈ। ਹੋਵੇਗਾ ਪਤਲਾ ਵਿਖਾਈ ਦੇਵੇਗਾ ਮੋਟਾ। ਇਸਲਈ ਤੁਸੀਂ ਅਜਿਹੇ ਪਾਵਰਫੁਲ ਦਰਪਣ ਬਣ ਜਾਵੋ, ਜੋ ਸਭ ਨੂੰ ਆਪਣਾ ਸਾਕਸ਼ਾਤਕਾਰ ਕਰਵਾ ਸਕੋ ਮਤਲਬ ਤੁਹਾਡੇ ਸਾਮ੍ਹਣੇ ਆਉਂਦੇ ਹੀ ਦੇਹ ਨੂੰ ਭੁੱਲ ਆਪਣੇ ਦੇਹੀ ਰੂਪ ਵਿਚ ਸਥਿਤ ਹੋ ਜਾਣ - ਅਸਲ ਸਰਵਿਸ ਇਹ ਹੈ, ਇਸੇ ਨਾਲ ਜੈ - ਜੈਕਾਰ ਹੋਵੇਗੀ।

ਸਲੋਗਨ:- ਸਿੱਖਿਆਵਾਂ ਨੂੰ ਸਵਰੂਪ ਵਿਚ ਲਿਆਉਣ ਵਾਲੇ ਹੀ ਗਿਆਨ ਸਵਰੂਪ, ਪ੍ਰੇਮ ਸਵਰੂਪ ਆਤਮਾ ਹਨ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"।

ਬਾਪ ਵਿਚ ਤੇ ਨਿਸ਼ਚੇ ਹੈ ਲੇਕਿਨ ਆਪਣੇ ਵਿੱਚ ਵੀ ਨਿਸ਼ਚੇਬੁੱਧੀ ਹੋਕੇ ਕੰਮ ਕਰੋ ਤਾਂ ਫਿਰ ਵਿਜੇ ਹੀ ਵਿਜੇ ਹੈ। ਵਿਜੇ ਦੇ ਅੱਗੇ ਸਮੱਸਿਆ ਕੋਈ ਚੀਜ ਨਹੀਂ ਹੈ। ਫਿਰ ਉਹ ਸਮੱਸਿਆ ਨਹੀਂ ਫੀਲ ਹੋਵੇਗੀ ਲੇਕਿਨ ਖੇਲ੍ਹ ਫ਼ੀਲ ਹੋਵੇਗਾ। ਖੇਲ੍ਹ ਖੁਸ਼ੀ ਨਾਲ ਕੀਤਾ ਜਾਂਦਾ ਹੈ। ਕੋਈ ਕੰਮ ਸਹਿਜ ਹੁੰਦਾ ਹੈ ਤਾਂ ਕਿਹਾ ਜਾਂਦਾ ਹੈ ਇਹ ਤੇ ਖੱਬੇ ਹੱਥ ਦਾ ਖੇਡ ਹੈ ਮਤਲਬ ਸੌਖਾ ਹੈ। ਤਾਂ ਇਹ ਵੀ ਬੁੱਧੀ ਦਾ ਖੇਲ ਹੋ ਜਾਵੇਗਾ। ਖੇਲ ਵਿਚ ਘਬਰਾਓਗੇ ਨਹੀਂ।